# ਮੇਰੇ ਬੱਚੇ ਨੂੰ COVID-19 ਵੈਕਸੀਨ ਕਿਉਂ ਲਗਵਾਉਣੀ ਚਾਹੀਦੀ ਹੈ?

**ਇਹ ਵੈਕਸੀਨ ਬੱਚਿਆਂ ਨੂੰ COVID-19 ਨਾਲ ਬਿਮਾਰ ਹੋਣ ਤੋਂ ਰੋਕਣ ਵਿੱਚ ਮਦਦ ਕਰਦੀ ਹੈ। ਵੈਕਸੀਨ COVID-19 ਦੇ ਫੈਲਾਅ ਨੂੰ ਘਟਾ ਕੇ ਕਮਿਊਨਿਟੀ ਦੀ ਰੱਖਿਆ ਕਰਦੀ ਹੈ।**



## ਕੀ ਬੱਚਿਆਂ ਨੂੰ ਇਸ ਸਮੇਂ ਸੱਚਮੁੱਚ COVID-19 ਵੈਕਸੀਨ ਦੀ ਲੋੜ ਹੈ?

ਹਾਂ। COVID-19 ਦੀ ਲਾਗ ਦਾ ਖਤਰਾ ਅਜੇ ਵੀ ਜ਼ਿਆਦਾ ਹੈ। ਬੱਚਿਆਂ ਨੂੰ ਜਿੰਨੀ ਜਲਦੀ ਵੈਕਸੀਨ ਲਗਦੀ ਹੈ, ਉਹ ਓਨੇ ਹੀ ਸੁਰੱਖਿਅਤ ਹੁੰਦੇ ਹਨ।



## ਮੇਰੇ 5-11 ਸਾਲ ਦੇ ਬੱਚੇ ਨੂੰ ਕਿਹੜੀ ਕੋਵਿਡ ਵੈਕਸੀਨ ਮਿਲੇਗੀ?

ਕੈਨੇਡਾ ਵਿੱਚ 5-11 ਸਾਲ ਦੀ ਉਮਰ ਦੇ ਬੱਚਿਆਂ ਨੂੰ Pfizer-BioNtech ਵੈਕਸੀਨ ਦੀ ਇੱਕ ਛੋਟੀ ਡੋਜ਼ ਲਗੇਗੀ (10 ਮਾਈਕ੍ਰੋਗ੍ਰਾਮ, ਕਿਸ਼ੋਰਾਂ ਅਤੇ ਬਾਲਗਾਂ ਲਈ ਵਰਤੀ ਜਾਂਦੀ ਡੋਜ਼ ਦਾ ਇੱਕ ਤਿਹਾਈ)। ਛੋਟੀਆਂ ਡੋਜ਼ਾਂ ਬੱਚਿਆਂ ਵਿੱਚ ਚੰਗੀ ਤਰ੍ਹਾਂ ਕੰਮ ਕਰਦੀਆਂ ਹਨ ਕਿਉਂਕਿ ਉਹਨਾਂ ਵਿੱਚ ਬਾਲਗਾਂ ਨਾਲੋਂ ਮਜ਼ਬੂਤ ਇਮਿਊਨ ਪ੍ਰਤੀਕਿਰਿਆਵਾਂ ਹੁੰਦੀਆਂ ਹਨ। ਉਹਨਾਂ ਨੂੰ ਦੋ ਡੋਜ਼ਾਂ ਦੀ ਲੋੜ ਪਵੇਗੀ।



## ਕੀ COVID-19 ਵੈਕਸੀਨ ਬੱਚਿਆਂ ਲਈ ਸੁਰੱਖਿਅਤ ਹੈ?

ਹੈਲਥ ਕੈਨੇਡਾ ਨੇ, ਕਈ ਵਿਗਿਆਨੀਆਂ ਅਤੇ ਖੋਜਕਰਤਾਵਾਂ ਨੇ ਉਪਲਬਧ ਮੈਡੀਕਲ ਸਬੂਤਾਂ ਦੀ ਧਿਆਨ ਨਾਲ ਸਮੀਖਿਆ ਕੀਤੀ ਹੈ ਅਤੇ ਵੈਕਸੀਨ ਬਾਰੇ ਕੋਈ ਵੱਡੀ ਸੁਰੱਖਿਆ ਚਿੰਤਾ ਨਹੀਂ ਹੈ। COVID-19 ਵੈਕਸੀਨ ਦੇ ਸਭ ਤੋਂ ਆਮ ਮਾੜੇ ਪ੍ਰਭਾਵ ਦੂਜੀਆਂ ਵੈਕਸੀਨਾਂ ਨਾਲ ਅਨੁਭਵ ਕੀਤੇ ਗਏ ਹਲਕੇ ਮਾੜੇ ਪ੍ਰਭਾਵਾਂ ਦੇ ਸਮਾਨ ਹਨ, ਜਿਵੇਂ ਕਿ ਟੀਕੇ ਵਾਲੀ ਥਾਂ 'ਤੇ ਦਰਦ, ਥਕਾਵਟ, ਸਰੀਰ ਵਿੱਚ ਦਰਦ, ਸਿਰ ਦਰਦ, ਬੁਖਾਰ ਅਤੇ ਠੰਢ ਲੱਗਣਾ। ਇਹ ਮਾੜੇ ਪ੍ਰਭਾਵ ਕੁਝ ਦਿਨਾਂ ਬਾਅਦ ਠੀਕ ਹੋ ਜਾਂਦੇ ਹਨ।

ਦੁਰਲੱਭ ਮਾਮਲਿਆਂ ਵਿੱਚ, ਕੋਵਿਡ-19 ਵੈਕਸੀਨ ਲੈਣ ਤੋਂ ਬਾਅਦ, ਕੁਝ ਕਿਸ਼ੋਰਾਂ ਅਤੇ ਨੌਜਵਾਨ ਬਾਲਗਾਂ ਨੇ ਦਿਲ ਦੀਆਂ ਮਾਸਪੇਸ਼ੀਆਂ ਦੀ ਸੋਜ (ਮਾਇਓਕਾਰਡਾਈਟਿਸ) ਜਾਂ ਦਿਲ ਦੇ ਬਾਹਰਲੀ ਲਾਈਨਿੰਗ ਦੀ ਸੋਜਸ਼ (ਪੇਰੀਕਾਰਡਾਈਟਿਸ) ਦਾ ਅਨੁਭਵ ਕੀਤਾ; ਜ਼ਿਆਦਾਤਰ ਕੁਝ ਦਿਨਾਂ ਵਿੱਚ ਠੀਕ ਹੋ ਗਏ। 5-11 ਸਾਲ ਦੀ ਉਮਰ ਦੇ ਬੱਚਿਆਂ ਦੇ ਅਧਿਐਨਾਂ ਵਿੱਚ ਜਿਨ੍ਹਾਂ ਨੂੰ ਕੋਵਿਡ-19 ਵੈਕਸੀਨ ਮਿਲੀ ਸੀ, ਦਿਲ ਦੀ ਸੋਜ ਦੇ ਕੋਈ ਕੇਸ ਨਹੀਂ ਸਨ। ਕੋਵਿਡ ਨਾਲ ਬਿਮਾਰ ਹੋਣ ਨਾਲ ਵੈਕਸੀਨ ਨਾਲੋਂ ਦਿਲ ਦੀ ਸੋਜ ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ।

***ਕੋਵਿਡ-19 ਵੈਕਸੀਨ ਬੱਚਿਆਂ ਨੂੰ ਸਿਹਤਮੰਦ ਰਹਿਣ ਵਿੱਚ ਮਦਦ ਕਰ ਸਕਦੀ ਹੈ ਤਾਂ ਜੋ ਉਹ ਸਕੂਲ ਵਿੱਚ ਰਹਿ ਸਕਣ ਅਤੇ ਆਪਣੇ ਦੋਸਤਾਂ ਨਾਲ ਸਮਾਂ ਬਿਤਾ ਸਕਣ। ਜਿੰਨੀ ਜਲਦੀ ਹੋ ਸਕੇ ਆਪਣੇ ਬੱਚੇ ਦਾ ਟੀਕਾਕਰਨ ਕਰਵਾਓ!***

*3 ਦਸੰਬਰ, 2021 ਤੱਕ ਸਟੀਕ*

{REFUGEE}613

TAIBU COMMUNITY HEALTH CENTRE

OCASI Ontario Council of Agencies Serving Immigrants

WCH WOMEN'S COLLEGE HOSPITAL Healthcare | REVOLUTIONIZED

Funded by: Immigration, Refugees and Citizenship Canada

Financé par : Immigration, Réfugiés et Citoyenneté Canada